# ਤੂੰ ਹੀ ਦਸ ਪੰਜਾਬ ਤੇਰੇ ਲਈ ਮੇਂ ਕੀ ਕਰਾਂ?

ਤੂੰ ਹੀ ਦਸ ਪੰਜਾਬ ਤੇਰੇ ਲਈ ਮੇਂ ਕੀ ਕਰਾਂ?
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ
ਚੋਵੀ ਘੰਟੇ ਤੇਰੇ ਲਈ ਮੈਂ ਅਰਦਾਸ ਕਰਾਂ
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ

ਨਾਂ ਕਾਹੂ ਸੇ ਦੋਸਤੀ ਮੇਰੀ ਨਾਂ ਕਾਹੂ ਸੇ ਵੇਰ
ਚੋਵੀ ਘੰਟੇ ਆਠੋਂ  ਪਹਰ ਮੰਗਾਂ ਤੇਰੀ ਖੇਰ
ਕਿਥੇ ਕਰਾਂ ਦੁਆ ਜਾਂ ਫਿਰ ਦਾਰੂ ਕੀ ਕਰਾਂ ?
ਤੂੰ ਹੀ ਦਸ ਪੰਜਾਬ ਤੇਰੇ ਲਈ ਮੇਂ ਕੀ ਕਰਾਂ?
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ
ਚੋਵੀ ਘੰਟੇ ਤੇਰੇ ਲਈ ਮੈਂ ਅਰਦਾਸ ਕਰਾਂ
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ

ਖੂਨ ਦਾ ਕਤਰਾ ਬਣ ਕੇ ਡੁਲ੍ਹੇ ਤੇਰੀ ਅਖ ਦਾ ਪਾਣੀ
ਫਸਲ ਦੇ ਉੱਤੇ ਬਹੇ ਜਾਵੇ ਜੇ ਮਖੀ ਨਰਮਾਂ ਖਾਣੀ
ਜਾਂ ਮੇਰਾ ਕਿਰਸਾਨ  ਆਤਮ ਹਤਿਆ ਜੇ ਕਰੇ
ਜਾਂ ਫਿਰ ਕੋਈ ਸਵਾਣੀ ਆਪਣੀ ਇਜ਼ਤ ਲਈ ਮਰੇ
ਰੋਜ਼ ਸਵੇਰੇ ਬਹੇ ਕੇ ਰੱਬਾ ਚਿੰਤਨ ਮੇਂ ਕਰਾਂ
ਤੂੰ ਹੀ ਦਸ ਪੰਜਾਬ ਤੇਰੇ ਲਈ ਮੇਂ ਕੀ ਕਰਾਂ?
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ
ਚੋਵੀ ਘੰਟੇ ਤੇਰੇ ਲਈ ਮੈਂ ਅਰਦਾਸ ਕਰਾਂ
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ

ਪਿੰਡਾਂ ਦੇ ਵਿਚ ਹਰੀਜਨਾਂ ਦੇ ਵਖਰੇ ਨੇ ਸ਼ਮਸ਼ਾਨ
ਗੁਰਦਵਾਰੇ ਵੀ ਨੇ ਵਖਰੇ ਵਖਰੇ ਨੇ ਭਗਵਾਨ
ਜਿਥੋਂ  ਦੀ  ਜਵਾਨੀ  ਯਾਰੋ ਤਿਲ  ਤਿਲ ਰੋਜ਼ ਮਰੇ
ਕੁਖ   ਅੰਦਰ  ਅਨ੍ਜਮੀ ਬਚੀ ਰੂਦਨ ਰੋਜ਼ ਕਰੇ
ਬੇਹੋਸ਼ੀ ਵਿਚ ਪਿਆ  ਪੰਜਾਬ ਬਹੁਤ ਅਓਖੀਆਂ ਰਾਹਵਾਂ

ਕਿਹੜੇ ਪਰਬਤ ਉੱਤੋਂ ਜਾ ਕੇ ਕਿਹੜੀ ਬੂਟੀ ਲਿਆਵਾਂ ?
ਤੂੰ ਹੀ ਦਸ ਪੰਜਾਬ ਤੇਰੇ ਲਈ ਮੈਂ ਕੀ ਕਰਾਂ?
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ
ਚੋਵੀ ਘੰਟੇ ਤੇਰੇ ਲਈ ਮੈਂ ਅਰਦਾਸ ਕਰਾਂ
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ

ਹਰ ਪਾਸੇ ਜੰਗਲ ਦਾ ਆਲਮ ਏਥੋਂ ਤਾਂ ਪੁਲ੍ਸਾਂ ਵੀ ਜਾਲਮ
ਇਥੇ ਤਾਂ ਰੇਤਾ ਵੀ ਯਾਰੋ ਬਹੇ ਕੇ ਰੁਦਨ ਕਰੇ
ਤਕੜਾ ਬੰਦਾ ਅਧੀ ਰਾਤੀਂ ਟਿਪਰ ਰੋਜ਼ ਭਰੇ
ਰੇਤੇ ਦੀ ਕਮਾਈ ਉੱਤੇ ਨੇਤਾ ਮੌਜ ਕਰੇ
ਕਿਹੜੀ ਕਿਹੜੀ ਗਲ ਦਾ ਯਾਰੋ ਅਜ ਮੇਂ ਜ਼ਿਕਰ ਕਰਾਂ ?
ਜਿੰਨੀ ਸੇਵਾ ਕਰ ਸਕਦਾ ਹਾਂ ਉੰਨੀ ਮੇਂ ਕਰਾਂ
ਏਨੀ ਬਖਸ਼ਸ਼ ਦੇਵੀ ਰੱਬਾ ਕਿਸੇ ਤੋਂ ਨਾਂ ਡਰਾਂ
ਚੋਵੀ ਘੰਟੇ ਤੇਰੇ ਲਈ ਮੈਂ ਅਰਦਾਸ ਕਰਾਂ
ਤੇਰੀ ਖਾਤਰ ਜੀਵਾਂ ਜਾਂ ਫਿਰ ਤੇਰੇ ਲਈ ਮਰਾਂ
ਤੂੰ ਹੀ ਦਸ ਪੰਜਾਬ ਤੇਰੇ ਲਈ ਮੈਂ ਕੀ ਕਰਾਂ?